Prospectus 2018






# Lala Lajpat Rai Memorial Institute of Management and Computer Sciences

Affiliated to MRSPTU, Bathinda.

V.P.O. AJITWAL - 142053 DISTT MOGA (PB.)

# ਸੰਦੇਸ਼




ਪਿਆਰੇ ਹੋਣਹਾਰ ਵਿਦਿਆਰਥੀਓ !

ਸਾਡੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਤੁਸੀਂ ਆਪਣੇ ਸੁਨਹਿਰੇ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲਾਲਾ ਲਾਜਪਤ ਰਾਏ ਮੈਮੋਰੀਅਲ ਇੰਸਟੀਚਿਊਟ ਆਫ਼ ਮੈਨੇਜ਼ਮੈਂਟ ਐਂਡ ਕੰਪਿਊਟਰ ਸਾਇੰਸਿਜ਼, ਅਜੀਤਵਾਲ ਤੋਂ ਵਿੱਦਿਆ ਪ੍ਰਾਪਤ ਕਰਨ ਨੂੰ ਤਰਜ਼ੀਹੀ ਰੂਪ ਵਿੱਚ ਚੁਣਿਆ ਹੈ।

ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਸਰਵਪੱਖੀ ਗਿਆਨ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਜੀਵਨ ਦੀਆਂ ਚੁਣੌਤੀਆਂ ਕਬੂਲਣ ਲਈ ਸਮਰੱਥ ਬਣ ਸਕਣ। ਕਾਲਜ ਯਤਨਸ਼ੀਲ ਹੈ ਅਜਿਹੀ ਅਧਿਆਪਨ ਸ਼ੈਲੀ ਅਪਨਾਉਣ ਲਈ, ਜਿਸ ਵਿੱਚ ਰਸਮੀ ਮਾਨਤਾਵਾਂ ਅਤੇ ਆਧੁਨਿਕ ਵਿਗਿਆਨ ਦ੍ਰਿਸ਼ਟੀਕੋਣ ਦਾ ਸਾਰਥਕ ਸੁਮੇਲ ਹੋ ਸਕੇ।

ਅਜੋਕਾ ਸਮਾਂ ਵਿਗਿਆਨ ਅਤੇ ਤਕਨਾਲੋਜੀ ਦੇ ਆਧਾਰ ਤੇ ਮੁਹਾਰਤ ਅਤੇ ਮੁਕਾਬਲੇ ਦਾ ਜ਼ਮਾਨਾ ਹੈ। ਜਿੱਥੇ ਅਸੀਂ ਆਪਣੇ ਰੁਜ਼ਗਾਰ ਦੀਆਂ ਲੋੜਾਂ ਹਿੱਤ ਇਸ ਜ਼ਮਾਨੇ ਦੇ ਨਾਲ ਤੁਰਨਾ ਹੈ, ਉੱਥੇ ਭਾਰਤੀ ਸਿਖਿਆ ਸ਼ਾਸਤਰ ਅਨੁਸਾਰ ਨੈਤਿਕ ਕਦਰਾਂ-ਕੀਮਤਾਂ, ਮਾਨਵ-ਹਿਤੈਸ਼ੀ ਪਰੰਪਰਾਵਾਂ ਅਤੇ ਸਰਬ-ਕਲਿਆਣਕਾਰੀ ਮਨੋਰਥ ਨੂੰ ਵੀ ਨਾਲ ਲੈ ਕੇ ਚੱਲਣਾ ਹੈ। ਇਹ ਅਜੋਕੇ ਸਮੇਂ ਦੀ ਸਾਡੇ ਲਈ ਵੱਡੀ ਚੁਣੌਤੀ ਹੈ। ਜਿੱਥੇ ਅਸੀਂ ਵੱਡੇ ਤਕਨਾਲੋਜ਼ੀ ਮਾਹਿਰ, ਡਾਕਟਰ, ਇੰਜੀਨੀਅਰ, ਪ੍ਰਸ਼ਾਸ਼ਨਿਕ ਅਧਿਕਾਰੀ ਖੇਤੀ-ਬਾੜੀ ਵਿਗਿਆਨੀ, ਖਿਡਾਰੀ ਅਤੇ ਸਿੱਖਿਆ ਸ਼ਾਸਤਰੀ ਬਣਾਉਂਦੇ ਹਾਂ ਸਾਡਾ ਮੰਤਵ ਵਿਦਿਆ ਵਿਚਾਰੀ ਤਾਂ ਪਰਉਪਕਾਰੀ ਦੇ ਸਿਧਾਂਤ ਨੂੰ ਆਪਣੇ "ਮਨ-ਮਸਤਕਿ" ਵਿੱਚ ਵਸਾ ਕੇ ਰੱਖਣਾ ਹੈ।

ਇਹ ਇੱਕ ਉੱਦਮਸ਼ੀਲ ਵਿੱਦਿਅਕ ਸੰਸਥਾ ਹੈ ਜਿੱਥੇ ਨਵੇਂ ਵਿਚਾਰਾਂ ਨੂੰ ਤਰਾਸ਼ਣ ਅਤੇ ਪੂਰਬ-ਸਥਾਪਿਤ ਵਿਚਾਰਾਂ ਨੂੰ ਨਵੀਨਤਾ ਪ੍ਰਦਾਨ ਕਰਨ ਲਈ ਹਮੇਸ਼ਾ ਸੁਹਿਰਦ ਵਾਤਾਵਰਨ ਪ੍ਰਦਾਨ ਕੀਤਾ ਜਾਂਦਾ ਹੈ। ਸਾਡੇ ਅਧਿਆਪਕ ਅਤੇ ਵਿਦਿਆਰਥੀ ਵਿਕਾਸਸ਼ੀਲ ਪਰਿਵਰਤਨ ਲਈ ਚਾਨਣ-ਮੁਨਾਰੇ ਬਣ ਕੇ ਇਤਿਹਾਸ ਸਿਰਜਦੇ ਰਹੇ ਹਨ ਅਤੇ ਸਿਰਜਦੇ ਰਹਿਣਗੇ।

ਕਿਸੇ ਵੀ ਸੰਸਥਾ ਦੀ ਪ੍ਰਗਤੀ ਦਾ ਮੂਲ ਆਧਾਰ ਉਸਦਾ ਪ੍ਰਸ਼ਾਸ਼ਨਿਕ ਢਾਂਚਾ, ਅਕਾਦਮਿਕ ਪ੍ਰਤਿਭਾ ਅਤੇ ਅਨੁਸ਼ਾਸਨ ਹੁੰਦਾ ਹੈ। ਅਨੁਸ਼ਾਸਨਹੀਣਤਾ ਸਾਡੀ ਤਰੱਕੀ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਬਣਦੀ ਹੈ। ਅਸੀਂ ਤੁਹਾਡੇ ਤੋਂ ਆਸ ਰੱਖਦੇ ਹਾਂ ਕਿ ਤੁਸੀਂ ਆਪਣੇ ਆਪ ਨੂੰ ਇੱਕ ਅਨੁਸ਼ਾਸਿਤ ਵਿਦਿਆਰਥੀ ਸਿੱਧ ਕਰੋਗੇ ਅਤੇ ਭਵਿੱਖ ਵਿੱਚ ਆਪ ਆਪਣੀ ਇਸ ਕਾਬੀਲਿਅਤ ਨਾਲ ਆਪਣਾ, ਆਪਣੇ ਮਾਪਿਆਂ ਅਤੇ ਸੰਸਥਾ ਦਾ ਨਾਮ ਰੋਸ਼ਨ ਕਰੋਗੇ। ਸਵੈ-ਅਨੁਸ਼ਾਸ਼ਨ (Self discipline) ਸਾਨੂੰ ਆਪਣੇ ਆਪ ਮੰਜ਼ਿਲ ਪ੍ਰਾਪਤ ਵੱਲ ਸੇਧਿਤ ਕਰ ਦਿੰਦਾ ਹੈ।

ਮੰਗਲਮਈ ਕਾਮਨਾਵਾਂ ਸਹਿਤ।

**ਡਾ. ਚਮਨ ਲਾਲ ਸਚਦੇਵਾ**
ਡਾਇਰੈਕਟਰ
ਲਾਲਾ ਲਾਜਪਤ ਰਾਏ ਮੈਮੋਰੀਅਲ ਇੰਸਟੀਚਿਊਟ ਆਫ਼
ਮੈਨੇਜਮੈਂਟ ਐਂਡ ਕੰਪਿਊਟਰ ਸਾਇੰਸਸਿਜ਼, ਅਜੀਤਵਾਲ (ਮੋਗਾ)

# ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਕੋਰਸ

| ਲੜੀ. ਨੰ: | ਕੋਰਸ | ਸਮੈਸਟਰ/ਸਲਾਨਾ ਪ੍ਰਣਾਲੀ | ਸੀਟਾਂ ਦੀ ਗਿਣਤੀ | ਕੋਰਸ ਦਾ ਸਮਾਂ |
|---|---|---|---|---|
| 1. | B.Sc (F.T.) | Semester | 60 | 3 Years |
| 2. | B.B.A | Semester | 60 | 3 Years |
| 3. | B.C.A | Semester | 60 | 3 Years |
| 4. | B.Sc (MLS) | Semester | 60 | 3 Years |
| 5. | B.Com | Semester | 60 | 3 Years |
| 6. | Skill certificate Course in (M.LT.) | Semester | 60 | 1 Year |

**ਬਿਨ੍ਹਾਂ ਲੇਟ ਫੀਸ**
**18/06/2018 ਮਿਤੀ 28/07/2018 ਤੱਕ**

**ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ**
**29/07/2018 ਤੋਂ 12/08/2018ਤੱਕ**

ਸਮੈਸਟਰ ਅਤੇ ਸਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ

ਦਾਖਲੇ ਲਈ ਇੰਟਰਵਿਊ : ਕਦੋਂ ਅਤੇ ਕਿੱਥੇ

ਫਾਰਮ ਜਮ੍ਹਾਂ ਕਰਵਾਉਣ ਦਾ ਸਮਾਂ : ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਹੋਵੇਗਾ।

ਨੋਟ :- ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ 21/07/2018 ਹੈ।

| ਸ਼੍ਰੇਣੀ | ਫਾਰਮ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਅਤੇ ਸਥਾਨ | ਸੰਬੰਧਤ ਕਰਮਚਾਰੀ ਸ੍ਰੀਮਾਨ/ਸ੍ਰੀਮਤੀ | ਇੰਟਰਵਿਊ ਦੀ ਮਿਤੀ ਅਤੇ ਸਮਾਂ |
|---|---|---|---|
| B.C.A | 18/06/18 ਤੋਂ 21/07/18 ਤੱਕ ਸਥਾਨ | Daljit Kaur | 28/07/2018 |
| B.B.A | 18/06/18 ਤੋਂ 21/07/18 ਤੱਕ ਸਥਾਨ | Jaspreet Singh | 28/07/2018 |
| B.Sc (F.T.) | 18/06/18 ਤੋਂ 21/07/18 ਤੱਕ ਸਥਾਨ | Gurpreet Kaur | 28/07/2018 |
| B.Sc (M.L.S.) | 18/06/18 ਤੋਂ 21/07/18 ਤੱਕ ਸਥਾਨ | Kiranjit Kaur | 28/07/2018 |
| B.Com | 18/06/18 ਤੋਂ 21/07/18 ਤੱਕ ਸਥਾਨ | Vijay Kumar | 28/07/2018 |
| Skill certificate course in (M.LT.) | 18/06/18 ਤੋਂ 21/07/18 ਤੱਕ ਸਥਾਨ | Kiranjit Kaur | 28/07/2018 |

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

## ਰੀ-ਅਡਮੀਸ਼ਨ ਕਮੇਟੀ

1. ਪੰਕਜ ਕੁਮਾਰ
2. ਤਰਲੋਚਨ ਸਿੰਘ
3. ਗੁਰਿੰਦਰ ਸਿੰਘ (ਸੈਂਭੀ)

## ਕੈਰੀਅਰ ਕਾਊਂਸਲਿੰਗ, ਗਾਈਡੈਂਸ ਅਤੇ ਪਲੇਸਮੈਂਟ ਸੈੱਲ (ਲੜਕੇ/ਲੜਕੀਆਂ)

1. ਗੁਰਿੰਦਰ ਸਿੰਘ (ਸੈਂਭੀ)
2. ਵਿਸ਼ਾਲਜੀਤ ਕੌਰ
3. ਦਲਜੀਤ ਕੌਰ

## ਸਕਾਲਰਸ਼ਿਪ ਕਮੇਟੀ (ਐਸ.ਸੀ ਅਤੇ ਬੀ.ਸੀ./ ਮਨਿਓਰਟੀ ਵਿਦਿਆਰਥੀਆਂ ਲਈ )

1. ਪੰਕਜ ਕੁਮਾਰ
2. ਗੁਰਿੰਦਰ ਸਿੰਘ (ਸੈਂਭੀ)
3. ਵਿਜੇ ਕੁਮਾਰ

## ਕਾਲਜ ਵਿੱਚ ਔਰਤਾਂ ਵਿਰੁੱਧ ਹਿੰਸਾ ਅਤੇ ਸੈਕਸੂਅਲ ਹਰਾਸਮੈਂਟ ਸੈਲ

1. ਅਮਰਜੀਤ ਕੌਰ
2. ਵਿਸ਼ਾਲਜੀਤ ਕੌਰ
3. ਕਿਰਨਜੀਤ ਕੌਰ

## ਕਾਲਜ ਕੈਂਪਸ (ਬਿਜਲੀ/ਜਨਰੇਟਰ)

1. ਤਰਸੇਮ ਸਿੰਘ
2. ਰਾਜ ਕੁਮਾਰ ਗੁਪਤਾ
3. ਤ੍ਰਿਲੋਚਨ ਸਿੰਘ



# ਰਾਖਵੀਆਂ ਸੀਟਾਂ

**(RESERVATION OF SEATS )**

The percentage of seats reserved for different categories be as follow :

| S. No. | Category | Percentage of seats to be reserved |
|---|---|---|
| 1 | Scheduled caste/ Scheduled tribes | 25% |
| 2 | Backward class / OBC | 5% |
| 3. | Border Area / Backward | 4% |
| 4. | Sports Persons | 2% |
| 5. | Wards of political sufferers/ Freedom fighter | 2% |
| 6.<br>I)<br>II)<br>III) | Disable persons<br>Blind 1%<br>Deaf & Dumb 1%<br>Other handicapped 1% | 3% |
| 7. | Widow/ Divorce Women 2% | |






## ਸੈਸ਼ਨ 2018-19 ਦੇ ਦਾਖਲੇ ਸਬੰਧੀ ਜਨਰਲ ਤੇ ਜ਼ਰੂਰੀ ਹਦਾਇਤਾ

1. ਇੰਟਰਵਿਊ ਵਾਲੇ ਦਿਨ ਵਿਦਿਆਰਥੀਆਂ ਦੀ ਹਾਜਰੀ 9:30ਵਜੇ ਸਵੇਰੇ ਲਗਾਈ ਜਾਵੇਗੀ। ਲੇਟ ਆਉਣ ਵਾਲੇ ਵਿਦਿਆਰਥੀਆਂ ਨੂੰ ਖੁਦ ਦਾਖਲਾ ਕਮੇਟੀ ਦੇ ਸਾਹਮਣੇ ਮਿੱਥੀ ਹੋਈ ਮਿਤੀ ਨੂੰ ਅਸਲ ਸਰਟੀਫਿਕੇਟ ਲੈ ਕੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ।
2. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਫਾਰਮ ਵਿੱਚ ਲੜਕੇ ਅਤੇ ਲੜਕੀਆਂ ਲਈ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਲਗਾਉਣਾ ਜਰੂਰੀ ਹੈ। ਇਹ ਫੋਟੋਆਂ ਇੱਕ ਹੀ ਨਿਗੇਟਿਵ ਤੋਂ ਤਿਆਰ (ਨਾਮ ਵਾਲੀਆਂ) ਹੋਣੀਆਂ ਚਾਹੀਦੀਆਂ ਹਨ।
3. ਅਧੂਰਾ ਫਾਰਮ ਜਾਂ ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਫਾਰਮ ਪ੍ਰਾਪਤ ਨਹੀਂ ਕੀਤਾ ਜਾਵੇਗਾ।
4. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰਾਂ ਦਾ ਦਾਖਲਾ ਲਈ ਜਤਲਾਇਆ ਕੋਈ ਵੀ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਵੇਂ ਉਸਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲੋਂ ਵਧੇਰੇ ਕਿਉਂ ਨਾ ਹੋਵੇ।
5. ਵਿਦਿਆਰਥੀਆਂ ਨੂੰ ਫੀਸ ਦਾਖਲਾ ਹੋਣ ਤੋਂ ਤੁਰੰਤ ਬਾਅਦ ਉਸੇ ਦਿਨ 2:00 ਵਜੇ ਤੱਕ ਜਮ੍ਹਾਂ ਕਰਵਾਉਣੀ ਪਵੇਗੀ। ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਫੀਸ ਲੋੜ ਅਨੁਸਾਰ ਹੀ ਲੈ ਕੇ ਆਉਣ। ਸਮੇਂ ਸਿਰ ਫੀਸ ਜਮ੍ਹਾਂ ਨਾਂ ਕਰਵਾਉਣ ਦੀ ਸੂਰਤ ਵਿੱਚ ਉਸਦੀ ਸੀਟ ਵੇਟਿੰਗ ਲਿਸਟ ਵਾਲੇ ਵਿਦਿਆਰਥੀ ਨੂੰ ਦਿੱਤੀ ਜਾਵੇਗੀ।
6. ਕਾਲਜ ਵਿੱਚ ਵੱਖ-ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਦੇ ਦਾਖਲੇ ਲਈ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਗੈਪ ਦਾ ਉਚਿਤ ਕਾਰਨ ਹੋਣ ਤੇ ਵਿਚਾਰਿਆਂ ਜਾ ਸਕਦਾ ਹੈ।
7. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਹ ਕੀਤੀ ਜਾ ਸਕਦੀ ਹੈ ਅਤੇ ਕਿਸੇ ਵੀ ਗੁੰਝਲਦਾਰ ਕੇਸ ਵਿੱਚ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ।
8. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸਾਸ਼ਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਸਮੇਂ ਖਾਰਿਜ਼ ਕੀਤਾ ਜਾ ਸਕਦਾ ਹੈ।
9. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
10. ਹਰ ਦਾਖਲਾ ਲੈਣ ਵਾਲੇ ਉਮੀਦਵਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਦਾਖਲਾ ਫਾਰਮ ਦੱਸੇ ਗਏ ਸਬੰਧਤ ਕਰਮਚਾਰੀ ਕੋਲ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਕੇ ਰਸੀਦ ਲਵੋ। ਇਸ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।
11. ਦਾਖਲੇ ਸਬੰਧੀ ਕੋਈ ਵੀ ਸੂਚਨਾ ਕਾਲਜ ਦਫ਼ਤਰ ਆ ਕੇ ਪ੍ਰਾਪਤ ਕੀਤੀ ਜਾਵੇ ਜਾਂ ਕਾਲਜ ਵਿੱਚੋਂ ਫੋਨ 01636-263390 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
12. ਦਾਖਲੇ ਬਾਰੇ ਕੋਈ ਵੀ ਤਬਦੀਲੀ ਸਬੰਧੀ ਲੋੜੀਂਦਾ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ।

# ਵੱਖ-ਵੱਖ ਸ੍ਰੇਣੀਆਂ ਦੇ ਦਾਖਲੇ ਸੰਬੰਧੀ ਯੋਗਤਾ

**BBA/BCA (Semester – 1st)**

1. Duration : 3year / 6 Semester
2. Minimum eligibility criteria : Passed 10+2 examination from any board recognized or established by centre/ state Govt. through a legislation.
3. Fee : 15000/- per semester

**B.Com (Hons.)**

1. Duration : 3year / 6 Semester
   Minimum Eligibility Criteria
2. Passed 10+2 examination conducted from a board recognized or established by central/ state Govt. through a legislation in case commerce students.

   Or

   40% marks in 10+2 examination with any two of the following subjects : (a) Accountancy (b) Business studies (c) Economics (d) Mathematics (e) Office management and secretarial practice (f) Principle and proactive of insurance (g) Tax procedure and practice .

   Or

   45% marks (45% marks for SC/ST category) in qualification examination for other candidates.

**B.Sc. (Fashion Tech.)**

1. Duration : 3 year / 6 semesters
2. Minimum eligibility criteria: Passed 10+2 examination from any board recognized or established by centre/ state Govt. through legislation.
3. Fee : 15000/- per semester

**B.Sc. (Medical Lab Sciences)**

1. Duration : 3 year / 6 semesters
2. Minimum eligibility criteria: Passed 10+2 examination from any board recognized or established by centre/ state Govt. through legislation with physics / Chemistry as compulsory subjects and either mathematic or biology.

   Or

   Those candidates who have passed their matriculation examination and have also passed three year diploma in any trade from Punjab state technical education & industrial training Chandigarh or such examination from other recognized state board of technical education or Sant Longowal Institute A engineering & Technology, Longowal / Or Two year diploma in pharmacy or medical lab technology after 10+2 recognized by any state board.
3. Fee : 15000/- per semester

**Skill certificarte course in M.L.T.**

1. Duration : 1 year / 2 semesters
2. Minimum eligibility criteria :- Matriculation from any board recognized or established by central/ State Government through a ligisation,
3. Fee : 7500/- per semester

## ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜ਼ਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖਲਾ ਫਾਰਮ ਤੇ ਕੈਟਾਗਿਰੀ ਲਿਖਣੀ ਜ਼ਰੂਰੀ ਹੈ। ਜੇਕਰ ਵਿਦਿਆਰਥੀ ਫਾਰਮ ਵਿੱਚ ਕੈਟਾਗਿਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟਾਗਿਰੀ ਵਿੱਚ ਹੀ ਸਮਝਿਆਂ ਜਾਵੇਗਾ ਅਤੇ ਰਿਜ਼ਰਵ ਕੈਟਾਗਿਰੀ ਦਾ ਕੋਈ ਹੱਕ ਨਹੀਂ ਮਿਲੇਗਾ।
2. ਰਿਜ਼ਰਵ ਕੈਟਾਗਿਰੀ ਨਾਲ ਸੰਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫਿਕੇਟ ਹੋਣਾ ਜਰੂਰੀ ਹੈ। ਇਨ੍ਹਾਂ ਸਰਟੀਫਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫਾਰਮ ਨਾਲ ਲਾਉਣੀਆਂ ਜਰੂਰੀ ਹਨ। ਅਸਲ ਸਰਟੀਫਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ ਅਸਲ ਸਰਟੀਫਿਕੇਟ ਦੀ ਅਣਹੋਂਦ ਤੇ ਦਾਖਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ।
3. ਹਰ ਰਿਜ਼ਰਵ ਕੈਟਾਗਿਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟਾਗਿਰੀ ਦੀ ਆਪਣੀ ਮੈਰਿਟ ਅਨੁਸਾਰ ਹੋਵੇਗਾ।
4. ਜੇਕਰ ਨਿਰਧਾਰਤ ਦਾਖਲੇ ਦੀ ਤਰੀਕ ਤੱਕ ਰਿਜ਼ਰਵ ਕੈਟਾਗਿਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ ਤਾਂ ਸੀਟ ਡੀ-ਰਿਜ਼ਰਵ ਕਰ ਦਿੱਤੀ ਜਾਵੇਗੀ।
5. ਸਪੋਰਟਸ ਕੋਟੇ ਵਿੱਚ ਕੇਵਲ ਉਨ੍ਹਾਂ ਖਿਡਾਰੀ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨ੍ਹਾਂ ਦੇ ਵੱਖ-ਵੱਖ ਖੇਡਾਂ ਵਿੱਚ ਘੱਟੋਂ-ਘੱਟ ਜ਼ਿਲ੍ਹੇ, ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ। ਯੂਨੀਵਰਸਿਟੀ ਖੇਡ ਮੁਕਾਬਲਿਆ ਵਿੱਚ ਭਾਗ ਲਿਆ ਹੋਵੇ।
6. ਰਿਜ਼ਰਵ ਕੈਟਾਗਿਰੀ ਨਾਲ ਸੰਬੰਧਤ ਵਿਦਿਆਰਥੀ ਆਪਣੇ ਆਧਾਰ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਕਾਰਡ ਇੰਟਰਵਿਊ ਸਮੇਂ ਨਾਲ ਲੈ ਕੇ ਆਉਣ।

## ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਦਾਖਲਾ ਫਾਰਮ ਨਾਲ ਨੱਥੀ ਕਰਨੇ ਜਰੂਰੀ ਹਨ। ਇਨ੍ਹਾਂ ਤੋਂ ਬਿਨ੍ਹਾਂ ਫਾਰਮ ਪ੍ਰਵਾਨ ਨਹੀਂ ਕੀਤਾ ਜਾਵੇਗਾ।

1. ਪਿਛਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
2. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਨਕਲ।
3. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ ਦੀ ਅਸਲ ਅਤੇ ਤਸਦੀਕਸ਼ੁਦਾ ਨਕਲ।
4. ਰਿਹਾਇਸ਼ੀ ਪਤੇ ਦੇ ਸਬੂਤ ਲਈ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਕਾਪੀ ਨਾਲ ਨੱਥੀ ਕੀਤੀ ਜਾਵੇ: ਰਾਸ਼ਨ ਕਾਰਡ, ਟੈਲੀਫੋਨ ਬਿੱਲ, ਵੋਟਰ ਕਾਰਡ, ਡਰਾਇੰਗ ਲਾਇੰਸੈਂਸ਼, ਪਾਸਪੋਰਟ ।
5. ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਪਣੀ ਕੈਟਾਗਿਰੀ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਨਕਲ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ ਪੱਤਰ ਦੇਣਾ ਪਵੇਗਾ।

ਨੋਟ :- ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨ ਕਰਕੇ ਆਪਣੇ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਸਦੇ ਵਿਰੁੱਧ ਬਣਦੀ ਲੋੜੀਂਦੀ ਕਰਾਵਾਈ ਕੀਤੀ ਜਾਵੇਗੀ।

# ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵਪੱਖੀ ਉੱਨਤੀ ਦਾ ਧਿਆਨ ਰੱਖਦਾ ਹੈ।
2. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
3. ਹਰ ਵਿਦਿਆਰਥੀ ਲਈ ਸਮੇਂ-ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜਰੂਰੀ ਹੈ। ਗੈਰ-ਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀ-ਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
5. ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿਦਿਅਕ ਉੱਨਤੀ ਰਿਪੋਰਟ ਤੇ ਟਿੱਪਣੀ ਵੀ ਕਰੇਗਾ।

## ਕਾਲਜ ਛੱਡਣ ਸਬੰਧੀ ਨਿਯਮ

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਕਾਲਜ ਪ੍ਰਿੰਸੀਪਲ ਨੂੰ ਲਿਖਤੀ ਪੱਤਰ ਦੇਵੇਗਾ। ਜਿਸ ਉੱਪਰ ਉਸਦੇ ਮਾਤਾ-ਪਿਤਾ/ ਸਰਪ੍ਰਸਤ ਦੇ ਹਸਤਾਖਰ ਹੋਣੇ ਚਾਹੀਦੇ ਹਨ। ਉਸ ਨੂੰ ਕਾਲਜ ਛੱਡਣ ਤੋਂ ਪਹਿਲਾ ਕਾਲਜ ਦੀ ਫੀਸ, ਲਾਈਬ੍ਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ। ਕਾਲਜ ਵੱਲੋਂ ਸਕਿਉਰਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

## ਜੁਰਮਾਨੇ ਦੇ ਨਿਯਮ

1. ਬਿਨ੍ਹਾਂ ਆਗਿਆ ਕਾਲਜ ਵਿਚੋਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪੀਰੀਅਡ 5/- ਰੁਪਏ ਜੁਰਮਾਨਾ ਲਗਦਾ ਹੈ।
2. ਅਨੁਸ਼ਾਸਨਹੀਣਤਾ ਜਾਂ ਕਾਲਜ ਦੀ ਸੰਪਤੀ ਨੂੰ ਕਿਸੇ ਕਿਸਮ ਦਾ ਨੁਕਸਾਨਾ ਪਹੁੰਚਾਉਣ ਦੀ ਸੂਰਤ ਵਿੱਚ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ। ਜਿਸਦਾ ਫੈਸਲਾ ਅਨੁਸ਼ਾਸਨ ਕਮੇਟੀ ਕਰੇਗੀ।

## ਫੀਸ ਅਦਾਇਗੀ ਦੇ ਨਿਯਮ

ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਮ ਸਮੇਂ ਕੀਤੀ ਜਾਵੇ ਨਹੀਂ ਤਾਂ ਵਿਦਿਆਰਥੀ ਦਾ ਨਾਮ ਕੱਟ ਦਿੱਤਾ ਜਾਵੇਗਾ ਅਤੇ ਫਿਰ ਬਕਾਏ ਦੇ ਨਾਲ ਮੁੜ ਦਾਖਲਾ ਫੀਸ ਦੇਣੀ ਪਵੇਗੀ। ਲਾਈਬ੍ਰੇਰੀ ਅਤੇ ਹੋਸਟਲ ਦੀ ਸਕਿਉਰਟੀ ਜੇ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ ਨਾ ਲਈ ਜਾਵੇ ਤਾਂ ਇਹ ਜਬਤ ਹੋ ਜਾਵੇਗੀ। ਇਕ ਬਾਰ ਦਿੱਤੀ ਫੀਸ ਵਾਪਸ ਨਹੀਂ ਹੁੰਦੀ। ਫੀਸ ਨਿਯਤ ਮਿਤੀ ਤੱਕ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਂਦਾ ਹੈ। ਯੂਨੀਵਰਸਿਟੀ ਇਮਤਿਹਾਨ ਦੀ ਦਾਖਲਾ ਫੀਸ ਨਿਯਤ ਮਿਤੀ ਤੱਕ ਭਰਨੀ ਜਰੂਰੀ ਹੈ ਨਹੀਂ ਤਾ ਦਾਖਲ ਫਾਰਮ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ। ਇਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

## ਪੁਨਰ ਦਾਖਲਾ (ਰੀ-ਐਡਮਿਸ਼ਨ)

ਨਿਯਮਾ ਅਨੁਸਾਰ 10 ਦਿਨ ਲਗਾਤਾਰ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖਲਾ ਫੀਸ ਭਰਨ ਉਪਰੰਤ ਹੀ ਪੁਨਰ ਦਾਖਲਾ ਦਿੱਤਾ ਜਾਵੇਗਾ। ਪੁਨਰ ਦਾਖਲਾ ਕੇਵਲ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਂ ਪੱਕੇ ਤੌਰ ਤੇ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।

# ਹਾਜ਼ਰੀਆਂ ਸਬੰਧੀ ਨਿਯਮ

1. ਹਰ ਵਿਦਿਆਰਥੀ ਲਈ ਥਿਊਰੀ ਅਤੇ ਪ੍ਰੈਕਟੀਕਲ ਵਿੱਚ 75% ਹਾਜਰੀਆਂ ਜਰੂਰੀ ਹਨ।
2. ਛੁੱਟੀ ਲੈਣ ਦਾ ਮਤਲਬ ਕੇਵਲ ਇਨ੍ਹਾਂ ਹੀ ਹੈ ਕਿ ਉਸਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀ ਹੋਵੇਗਾ। ਛੁੱਟੀ ਦਾ ਸਬੰਧ ਹਾਜ਼ਰੀਆਂ ਦੀ ਛੋਟ ਨਾਲ ਨਹੀਂ ਹੈ। ਲੈਕਚਰ ਘੱਟ ਬਾਰੇ ਸੂਚਨਾ ਸਮੇਂ ਸਿਰ ਦਿੱਤੀ ਜਾਵੇਗੀ ਅਤੇ ਘੱਟ ਲੈਕਚਰ ਵਾਲੇ ਵਿਦਿਆਰਥੀ ਦਾ ਰੋਲ ਨੰਬਰ ਰੋਕ ਲਿਆ ਜਾਵੇਗਾ।

# ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦਾ ਪਾਲਣਾ ਕਰਨਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।
2. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨ੍ਹਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖਤ ਮਨ੍ਹਾਂ ਹੈ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ-ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ।
5. ਕਾਲਜ ਜਾਇਦਾਦ ਜਿਵੇਂ ਕਿ ਡੈਕਸ, ਕੁਰਸੀਆਂ, ਬੈਂਚ, ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਖਰਾਬ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਸਪੈਸ਼ਲ ਜੁਰਮਾਨਾ ਵੀ ਹੋਵੇਗਾ।
6. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਾਲਜ ਕੈਂਪਸ ਨੂੰ ਸਾਫ਼-ਸੁਥਰਾ ਰੱਖਣਾ। ਕਿਤੇ ਵੀ ਕੁੱਝ .ਲਿਖਣਾ, ਨਿਸ਼ਾਨ ਲਗਾਉਣੇ ਜਾਂ ਇਸ਼ਤਿਹਾਰ ਲਗਾਉਣੇ ਸਖਤ ਮਨ੍ਹਾਂ ਹੈ, ਪਾਰਕਾਂ ਵਿੱਚੋ ਫੁੱਲ-ਬੂਟੇ ਤੋੜਨਾ ਮਨ੍ਹਾਂ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਹੋਵੇਗਾ।
7. ਕਾਲਜ ਵਿੱਚ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜ਼ਰੂਰੀ ਹੈ।
8. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਪੀਣਾਂ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨ ਤਾਸ਼ ਅਤੇ ਜੂਆ ਖੇਡਣ ਦੀ ਸਖ਼ਤ ਮਨਾਹੀ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
9. ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ।
10. ਸਾਈਕਲ, ਸਕੂਟਰ, ਮੋਟਰ-ਸਾਈਕਲ ਨਿਸ਼ਚਿਤ ਸਟੈਂਡ ਤੇ ਹੀ ਖੜ੍ਹੇ ਕੀਤੇ ਜਾਣ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤੀ ਜਾਵੇਗਾ।





# ਹੋਸਟਲ

ਕਾਲਜ ਵਿੱਚ ਲੜਕੇ ਅਤੇ ਲੜਕੀਆਂ ਦੋਨਾਂ ਦੇ ਹੋਸਟਲ ਰਹਿਣ ਦਾ ਪ੍ਰਬੰਧ ਹੈ, ਜਿਸ ਵਿੱਚ ਲੜਕੇ ਕੁਝ ਸੀਟਾਂ 180 ਅਤੇ ਲੜਕੀਆਂ 40 ਹਨ। ਹੋਸਟਲ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਮੈਸ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਲੋੜ ਅਨੁਸਾਰ ਅਖ਼ਬਾਰ, ਮੈਗਜ਼ੀਨ ਅਤੇ ਕਾਮਨ ਰੂਮ ਸਥਾਪਿਤ ਹੈ। ਵਿਦਿਆਰਥੀਆਂ ਦੀ ਜਰੂਰਤ ਨੂੰ ਮੁੱਖ ਰੱਖਦਿਆਂ ਜਨਰੇਟਰ, ਵਾਟਰ ਕੂਲਰ, ਵਾਟਰ ਪਿਊਰੀਫਾਇਰ, ਗੀਜ਼ਰ ਅਤੇ ਸਮਰਸੀਬਲ ਪੰਪ ਵੀ ਲੱਗਾ ਹੋਇਆ ਹੈ। ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੈਸ ਸਕਿਉਰਿਟੀ 2000/- ਰੁਪਏ ਅਡਵਾਂਸ ਜਮ੍ਹਾਂ ਕਰਵਾਉਣੇ ਹੋਣਗੇ ਅਤੇ ਘੱਟੋ-ਘੱਟ 1800/- ਰੁਪਏ ਪ੍ਰਤੀ ਮਹੀਨਾ ਮੈਸ ਦੇ ਖਾਣੇ ਦਾ ਬਿਲ ਵਿਦਿਆਰਥੀ ਨੂੰ ਦੇਣਾ ਹੋਵੇਗਾ ਅਤੇ ਕਮਰੇ ਦਾ ਕਰਾਇਆ 1000/- ਪ੍ਰਤੀ ਮਹੀਨਾ ਹੋਵੇਗਾ।

# ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ਼ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜ਼ੀਫ਼ੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਾ ਹੋਵੇ। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸ਼ਤ ਪਾਸੋ ਨੋਟਰੀ ਦੁਆਰਾ ਤਸਦੀਕਸ਼ੁਦਾ ਹਲਫ਼ੀਆਂ ਬਿਆਨ ਦੇਣਗੇ ਅਤੇ ਹਲਫ਼ੀਆਂ ਬਿਆਨ ਅਨੁਸਾਰ ਲਾਗੂ ਆਮਦਨ ਸਰਟੀਫਿਕੇਟ ਵੀ ਦੇਣਗੇ। ਵਜ਼ੀਫ਼ਾ ਫਾਰਮ ਨਾ ਭਰਣ ਦੀ ਸੂਰਤ ਵਿੱਚ ਉਨ੍ਹਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀ ਕੀਤਾ ਜਾਵੇਗਾ ਅਤੇ ਜੇਕਰ ਵਜੀਫ਼ਾ ਨਹੀਂ ਲੈਣਾ ਜਾਂ ਵਜ਼ੀਫ਼ੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਦਾਖਲੇ ਸਮੇਂ ਦੇਣਗੇ।



# ਆਮਦਨ ਸਰਟੀਫਿਕੇਟ

ਫੋਟੋ ਨੰਬਰ.......................... ਮਿਤੀ......................

Photo

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਕੁਮਾਰੀ/ਸ੍ਰੀਮਤੀ ....................................................
ਪੁੱਤਰ/ਪੁੱਤਰੀ/ਪਤਨੀ............................................................................
ਵਾਸੀ..............................................................................................................

.......................................................................................................................

ਤੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਮੌਜੂਦਾ ਸਾਲਾਨਾ ਆਮਦਨ ..............................................ਰੁਪਏ ਹੈ। ਇਹ ਆਮਦਨ ਸਰਟੀਫਿਕੇਟ ਸਿਰਫ਼ ......................................................ਲਈ ਵਰਤਿਆ ਜਾਵੇਗਾ।

ਇਹ ਆਮਦਨ ਸਰਟੀਫਿਕੇਟ ਉਕਤ ਵਿਅਕਤੀ ਵੱਲੋਂ ਸਵੈ-ਘੋਸ਼ਣਾ ਦਾ .....................................ਦੀ ਤਸਦੀਕ ਦੇ ਅਧਾਰ ਤੇ ਜਾਰੀ ਕੀਤਾ ਗਿਆ ਹੈ।

ਤਹਿਸੀਲਦਾਰ

## CERTIFICATE FOR SCHEDULED CASTES/SCHEDULED TRIBES

Dispatch No. :.......................... Dated :..........................

It is certified that Shri/Smt./Kumari ..........................................................................................
Son/Daughter of Shri ..........................................................................................................
Of village/Town ....................................................District/Division of State of Punjab belongs to ......................................................................Cast which has been recognized as Scheduled Caste as per "The constitution (Scheduled Castes) Order, 1950" Shir/Smt./Kumari ....................................
Village/Town ..........................................................................District/ Division of Punjab State.

Place : .................................................... Signature : ..........................
Designation : ....................................................
Dated : .......................................................... Seal of Officer : ...............................

## ਹੋਰ ਪੱਛੜੀਆਂ (O.B.C) ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਪੱਛੜੀਆਂ ਸ੍ਰੇਣੀਆਂ ਦੇ ਉਹ ਵਿਦਿਆਰਥੀ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੇ ਹੋਣ ਨੂੰ ਸਕੀਮ ਅਧੀਨ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀਆਂ ਅਤੇ ਮਾਤਾ/ਪਿਤਾ/ਗਾਰਡੀਅਨ ਦੀ ਸਾਰੇ ਸੋਮਿਆਂ ਤੋਂ ਸਲਾਨਾ ਆਮਦਨ 100000/- ਤੋਂ ਵੱਧ ਨਾ ਹੋਵੇ।

## ਐਸ.ਸੀ./ਬੀ.ਸੀ./ਸ੍ਰੇਣੀ ਦੇ ਯੋਗ ਵਿਦਿਆਰਥੀ ਵਜ਼ੀਫਾ ਫਾਰਮ ਭਰਣ ਸਮੇਂ ਹੇਠ ਲਿਖੀਆਂ ਗੱਲ੍ਹਾਂ ਦਾ ਧਿਆਨ ਰੱਖਣਾ

1. ਵਜ਼ੀਫ਼ਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਮ, IFSC Code ਵਿਦਿਆਰਥੀਆਂ ਦੇ ਆਨ-ਲਾਈਨ ਬੈਂਕਾ ਦਾ ਪੂਰਾ ਖਾਤਾ ਨੰਬਰ ਅਤੇ ਅਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ।
2. ਇਨ੍ਹਾਂ ਦਸਤਾਵੇਜ਼ਾਂ ਦੀ ਇੱਕ ਕਾਪੀ ਕਾਲਜ ਵਿੱਚ ਜਮ੍ਹਾਂ ਕਰਵਾਈ ਜਾਵੇ।
3. ਵਿਦਿਆਰਥੀਆਂ ਨੂੰ ਵਜ਼ੀਫੇ ਦੀ ਅਦਾਇਗੀ ਉਨ੍ਹਾਂ ਦੇ ਆਨ-ਲਾਈਨ ਬੈਂਕ ਖਾਤੇ ਵਿੱਚ ਕੀਤੀ ਜਾਵੇਗੀ। ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਏ ਅਤੇ ਖਾਤੇ ਸਬੰਧੀ ਵੇਰਵੇ ਸਹੀ ਹੋਵੇ।
4. ਬੈਂਕ ਅਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸਬੰਧਤ ਵਿਦਿਆਰਥੀ ਦੀ ਹੋਵੇਗੀ।

**ਮਾਪਿਆਂ/ ਸਰਪ੍ਰਸਤਾਂ ਲਈ ਜਰੂਰੀ ਨੋਟ:-**

ਪੜ੍ਹਾਈ ਦੇ ਸੈਸ਼ਨ ਦੌਰਾਨ ਫੀਸਾਂ ਅਤੇ ਫੰਡਾਂ ਸਬੰਧੀ/ਕਿਸੇ ਵੀ ਗਤੀਵਿਧੀ ਸਬੰਧੀ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ। ਦਫ਼ਤਰ ਵੱਲੋਂ ਕੋਈ ਜਾਣਕਾਰੀ ਘਰ ਦਾ ਪ੍ਰਬੰਧ ਨਹੀ ਹੈ। ਇਸ ਲਈ ਹਰੇਕ ਸੂਚਨਾ ਪ੍ਰਾਪਤ ਕਰਨਾ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ। ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਬੱਚੇ ਸਬੰਧੀ ਸ਼ਾਰਟੇਜ਼, ਫੀਸਾਂ ਸੰਬੰਧੀ, ਘਰੇਲੂ ਪ੍ਰੀਖਿਆਵਾਂ ਆਦਿ ਦੀ ਰਿਪੋਰਟ ਦੇ ਸਬੰਧ ਵਿੱਚ ਕਾਲਜ ਨਾਲ ਸੰਪਰਕ ਰੱਖਣ।

**ਜਰੂਰੀ ਸੰਪਰਕ ਨੰਬਰ 98144-38161, 98555-38161, 97807-38000, 01636-263390**



# Activities




L.L.R.M.P.C






GOVT. OF INDIA
MINISTRY OF MSME
ENTERPRENEURSHIP SKILL DEVELOPMENT PROGRAMME










ਰੁਜ਼ਗਾਰ ਮੇਲਾ












**Lala Lajpat Rai Memorial Institute of Management and Computer Sciences**

Affiliated to MRSPTU, Bathinda.

V.P.O. AJITWAL - 142053 DISTT MOGA (PB.)

Contact :- 98144-38161, 98555-38161

Email: llrmpc_director@yahoo.com